| Centre Number | | | | | | Candidate Number | | | | |
|---|---|---|---|---|---|---|---|---|---|---|
| Surname | | | | | | | | | | |
| Other Names | | | | | | | | | | |
| Candidate Signature | | | | | | | | | | |

| For Examiner's Use | |
|---|---|
| | |
| Examiner's Initials | |
| Section | Mark |
| 1 | |
| 2 | |
| 3 | |
| TOTAL | |

General Certificate of Education
Advanced Level Examination
June 2010

# Panjabi PANJ2

## Unit 2 Reading and Writing

**Thursday 10 June 2010 9.00 am to 12.00 noon**

**You will need no other materials.**

**Time allowed**
- 3 hours

**Instructions**
- Use black ink or black ball-point pen.
- Fill in the boxes at the top of this page.
- Answer **all** questions in Sections 1 and 2 and **two** questions from Section 3. Please note that in Section 3 you are not allowed to answer both questions on the same topic.
- You must answer the questions in the spaces provided. Do not write outside the box around each page or on blank pages.
- Answer in **Panjabi**.
- Do all rough work in this book. Cross through any work you do not want to be marked.

**Information**
- The marks for questions are shown in brackets.
- The maximum mark for this paper is 100.
- You must **not** use a dictionary.
- If you need extra paper, use the Additional Answer Sheets.
- This unit is divided into three sections.
  Section 1 20 marks
  Section 2 20 marks
  Section 3 60 marks

**Advice for Section 3**
- You are strongly advised to write a plan before beginning each answer.
- To obtain high marks you must give details and facts and express your own opinions/draw your own conclusions. At all times you should explain and justify your answers.

Do not write outside the box

**ਸੈਕਸ਼ਨ 1**

**Question 1 (a)**

ਹੇਠ ਦਿੱਤੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਤੇ ਆਧਾਰਿਤ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ। ਹਰ ਉੱਤਰ ਪੂਰੇ ਵਾਕਾਂ ਵਿੱਚ ਪ੍ਰਸ਼ਨ ਅਨੁਕੂਲ ਹੀ ਹੋਣਾ ਚਾਹੀਦਾ ਹੈ।

## ਅੱਠ ਘੰਟੇ ਸੌਂਵੋਂ, ਤੰਦਰੁਸਤ ਰਹੋ

ਲੰਡਨ ਮੈਡੀਕਲ ਕਾਲਜ ਨੇ 35 ਤੋਂ 55 ਸਾਲ ਦੀ ਉਮਰ ਦੇ ਦਸ ਹਜ਼ਾਰ ਲੋਕਾਂ ਦੀ ਜਾਂਚ ਕਰਨ ਮਗਰੋਂ ਇਹ ਨਤੀਜਾ ਕੱਢਿਆ ਹੈ ਕਿ ਲੋੜ ਤੋਂ ਵੱਧ ਜਾਂ ਬਹੁਤ ਘੱਟ ਸੌਣਾ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਜੋ ਲੋਕ 6 ਘੰਟਿਆਂ ਤੋਂ ਘੱਟ ਸੌਂਦੇ ਹਨ ਜਾਂ 8 ਘੰਟਿਆਂ ਤੋਂ ਵੱਧ ਸੌਂਦੇ ਹਨ, ਉਨ੍ਹਾਂ ਨੂੰ ਦਿਲ ਦੇ ਦੌਰੇ ਦਾ ਖਤਰਾ ਵਧੇਰੇ ਹੁੰਦਾ ਹੈ ਅਤੇ ਉਹ ਹੋਰ ਕਈ ਪ੍ਰਕਾਰ ਦੀਆਂ ਬਿਮਾਰੀਆਂ ਦੇ ਸ਼ਿਕਾਰ ਵੀ ਹੋ ਸਕਦੇ ਹਨ। ਇਹ ਪਹਿਲੀ ਖੋਜ ਹੈ, ਜਿਸ ਵਿੱਚ ਇਹ ਕਿਹਾ ਗਿਆ ਹੈ ਕਿ ਸੌਣ ਦੇ ਸਮੇਂ ਵਿੱਚ ਕਮੀ ਜਾਂ ਵਾਧੇ ਦਾ ਦਿਲ ਦੇ ਰੋਗਾਂ ਕਾਰਨ ਹੋਣ ਵਾਲੀ ਮੌਤ ਨਾਲ ਗੂੜ੍ਹਾ ਸਬੰਧ ਹੈ।

ਇੱਕ ਹੋਰ ਰਿਪੋਰਟ ਅਨੁਸਾਰ ਕਿਸੇ ਵਿਅਕਤੀ ਦੀ ਨੀਂਦ ਦਾ ਸਮਾਂ, ਉਸ ਦੇ ਹਾਜ਼ਮੇ ਨਾਲ ਸਬੰਧਤ ਹਾਰਮੋਨਜ਼ ਨੂੰ ਪ੍ਰਭਾਵਿਤ ਕਰਦਾ ਹੈ ਜਿਸ ਦਾ ਅਸਰ ਉਸ ਦੇ ਭਾਰ ਤੇ ਵੀ ਪੈਂਦਾ ਹੈ। ਇਹੀ ਕਾਰਨ ਹੈ ਕਿ ਘੱਟ ਜਾਂ ਜ਼ਿਆਦਾ ਸੌਣ ਨਾਲ ਵਿਅਕਤੀ ਦਾ ਭਾਰ ਵਧ ਸਕਦਾ ਹੈ। ਜਿਹੜੇ ਵਿਅਕਤੀ ਛੇ ਘੰਟਿਆਂ ਤੋਂ ਘੱਟ ਜਾਂ ਨੌਂ ਘੰਟਿਆਂ ਤੋਂ ਵੱਧ ਸੌਂਦੇ ਹਨ, ਉਨ੍ਹਾਂ ਦਾ ਭਾਰ ਸੱਤ ਤੋਂ ਅੱਠ ਘੰਟੇ ਸੌਣ ਵਾਲੇ ਵਿਅਕਤੀਆਂ ਦੇ ਮੁਕਾਬਲੇ ਵਧ ਜਾਂਦਾ ਹੈ। ਘੱਟ ਜਾਂ ਵੱਧ ਸੌਣ ਨਾਲ ਸਰੀਰ ਵਿੱਚ ਚਰਬੀ ਜਮ੍ਹਾਂ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਸੋ, ਮੋਟਾਪੇ ਤੋਂ ਬਚਣ ਲਈ ਸੌਣ ਦੇ ਸਮੇਂ ਤੋਂ ਇਲਾਵਾ ਕਸਰਤ ਕਰਨੀ, ਸੰਤੁਲਿਤ ਖੁਰਾਕ ਵੱਲ ਧਿਆਨ ਦੇਣਾ ਅਤੇ ਚਰਬੀ ਪੈਦਾ ਕਰਨ ਵਾਲੀਆਂ ਚੀਜ਼ਾਂ ਤੋਂ ਪਰਹੇਜ਼ ਕਰਨਾ ਵੀ ਉੱਨਾ ਹੀ ਜ਼ਰੂਰੀ ਹੈ। ਰੋਜ਼ਾਨਾ 8 ਘੰਟਿਆਂ ਦੀ ਨੀਂਦ ਤੁਹਾਨੂੰ ਸਰੀਰਕ ਅਤੇ ਦਿਮਾਗੀ ਤੌਰ ਤੇ ਤਾਜ਼ਾ ਕਰ ਦਿੰਦੀ ਹੈ ਜਿਸ ਨਾਲ ਸੋਚਣ ਸ਼ਕਤੀ ਵਧਦੀ ਹੈ, ਸਰੀਰ ਫੁਰਤੀਲਾ ਅਤੇ ਤੰਦਰੁਸਤ ਰਹਿੰਦਾ ਹੈ। ਇਸ ਨਾਲ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਕਈ ਹੋਰ ਬਿਮਾਰੀਆਂ ਤੋਂ ਬਚਣ ਦੇ ਮੌਕੇ ਵੀ ਵਧ ਜਾਂਦੇ ਹਨ।

**1 (a) (i)** ਇਸ ਵਾਰਤਾ ਦਾ ਸਿਰਲੇਖ ਕਿੱਥੋਂ ਤੱਕ ਢੁਕਵਾਂ ਹੈ ਅਤੇ ਕਿਉਂ?

..........................................................................................................................

*(1 mark)*

**1 (a) (ii)** ਵਾਰਤਾ ਦੇ ਪਹਿਲੇ ਪੈਰੇ ਅਨੁਸਾਰ ਬਹੁਤ ਘੱਟ ਜਾਂ ਬਹੁਤ ਜ਼ਿਆਦਾ ਸੌਣਾ ਸਿਹਤ ਲਈ ਹਾਨੀਕਾਰਕ ਕਿਵੇਂ ਹੋ ਸਕਦਾ ਹੈ?

..........................................................................................................................

..........................................................................................................................

*(2 marks)*

Do not write outside the box

**1 (a) (iii)** ਨੀਂਦ ਨਾਲ ਭਾਰ ਦਾ ਕੀ ਸਬੰਧ ਹੈ ਅਤੇ ਵੱਧ ਜਾਂ ਘੱਟ ਸੌਣਾ ਭਾਰ ਤੇ ਕਿਵੇਂ ਪ੍ਰਭਾਵ ਪਾਉਂਦਾ ਹੈ ?

.............................................................................................................................

.............................................................................................................................

.............................................................................................................................

*(3 marks)*

**1 (a) (iv)** ਇਸ ਵਾਰਤਾ ਵਿੱਚ ਮੋਟਾਪੇ ਤੋਂ ਬਚਣ ਲਈ ਨੀਂਦ ਤੋਂ ਇਲਾਵਾ ਹੋਰ ਕੀ ਸੁਝਾਅ ਦਿੱਤੇ ਗਏ ਹਨ ? ਦੋ ਗੱਲਾਂ ਲਿਖੋ ।

.............................................................................................................................

.............................................................................................................................

*(2 marks)*

**1 (a) (v)** ਵਾਰਤਾ ਅਨੁਸਾਰ ਰੋਜ਼ਾਨਾ ਅੱਠ ਘੰਟੇ ਸੌਣ ਦਾ ਕੀ ਮਹੱਤਵ ਹੈ ? ਦੋ ਗੱਲਾਂ ਲਿਖੋ ।

.............................................................................................................................

.............................................................................................................................

*(2 marks)*

**Question 1 continues on the next page**

*Do not write outside the box*

**Question 1(b)**

ਹੇਠ ਦਿੱਤੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਵਾਰਤਾ ਦੇ ਵਿਸ਼ੇ-ਵਸਤੂ ਦੇ ਆਧਾਰ ਤੇ ਦਿਉ ।

## ਪ੍ਰਦੂਸ਼ਣ ਦਾ ਵਾਤਾਵਰਣ ਤੇ ਪ੍ਰਭਾਵ

ਵਾਤਾਵਰਨ ਵਿੱਚ ਹਵਾ, ਪਾਣੀ, ਕੂੜੇ ਅਤੇ ਸ਼ੋਰ ਸ਼ਰਾਬੇ ਵਰਗੇ ਖਤਰਨਾਕ ਤੱਤਾਂ ਨਾਲ ਪ੍ਰਦੂਸ਼ਣ ਦੀ ਮਾਤਰਾ ਵਧਾਉਣ ਵਿੱਚ ਕੁਦਰਤੀ ਅਤੇ ਮਨੁੱਖੀ ਗਤੀਵਿਧੀਆਂ ਜ਼ਿੰਮੇਵਾਰ ਹਨ । ਕੁਦਰਤ ਦੇ ਕਹਿਰ ਨਾਲ ਫੈਲਣ ਵਾਲੇ ਪ੍ਰਦੂਸ਼ਣ ਵਿੱਚ ਤੂਫ਼ਾਨ, ਹਨ੍ਹੇਰੀਆਂ ਅਤੇ ਜੰਗਲੀ ਅੱਗ ਤੋਂ ਪੈਦਾ ਹੋਣ ਵਾਲੀ ਸੁਆਹ, ਚਿੱਕੜ ਅਤੇ ਮਿੱਟੀ ਸ਼ਾਮਲ ਹਨ ਜੋ ਸਾਡੀ ਸਿਹਤ ਲਈ ਹਾਨੀਕਾਰਕ ਹਨ । ਪਰ ਕੁਦਰਤੀ ਕਾਰਨਾਂ ਤੋਂ ਵਧ ਕੇ ਲੋਕਾਂ ਵੱਲੋਂ ਫੈਲਾਇਆ ਜਾਣ ਵਾਲਾ ਪ੍ਰਦੂਸ਼ਣ ਜ਼ਿਆਦਾ ਨੁਕਸਾਨਦੇਹ ਹੈ । ਦੁਨੀਆਂ ਵਿੱਚ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ ਜਿਸ ਨਾਲ ਭੋਜਨ, ਸ਼ਕਤੀ ਸੋਮਿਆਂ ਅਤੇ ਹੋਰ ਚੀਜ਼ਾਂ ਦੀ ਮੰਗ ਵਿੱਚ ਵਾਧਾ ਹੋਇਆ ਹੈ । ਇਨ੍ਹਾਂ ਮੰਗਾਂ ਦੀ ਪੂਰਤੀ ਲਈ ਹੋ ਰਹੇ ਉਤਪਾਦਨ ਕਾਰਨ ਪ੍ਰਦੂਸ਼ਣ ਵਿੱਚ ਵਾਧਾ ਹੋਣਾ ਸੁਭਾਵਿਕ ਹੈ । ਘਰਾਂ ਅਤੇ ਦਫ਼ਤਰਾਂ ਵਿੱਚੋਂ ਕੂੜੇ ਕਰਕਟ, ਗੰਦੇ ਪਾਣੀ ਨਾਲ ਅਤੇ ਫੈਕਟਰੀਆਂ ਤੇ ਕਾਰਾਂ ਵਿੱਚੋਂ ਧੂੰਏਂ ਅਤੇ ਜ਼ਹਿਰੀਲੀਆਂ ਗੈਸਾਂ ਦੇ ਨਿਕਾਸ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ । ਖੇਤੀ ਬਾੜੀ ਤੋਂ ਖਾਦਾਂ, ਕੀਟਨਾਸ਼ਕ ਦਵਾਈਆਂ ਅਤੇ ਪਸ਼ੂਆਂ ਦੇ ਮਲ ਮੂਤਰ ਨਾਲ ਦਰਿਆਵਾਂ ਅਤੇ ਸਮੁੰਦਰ ਵਿੱਚ ਪ੍ਰਦੂਸ਼ਣ ਵਧਦਾ ਹੈ ।

ਪ੍ਰਦੂਸ਼ਣ ਵਧਣ ਨਾਲ ਲੋਕਾਂ ਨੂੰ ਕਈ ਬਿਮਾਰੀਆਂ ਲੱਗ ਸਕਦੀਆਂ ਹਨ ਅਤੇ ਪਸ਼ੂ ਪੰਛੀਆਂ ਦੇ ਜੀਵਨ ਤੇ ਬੁਰਾ ਅਸਰ ਪੈ ਰਿਹਾ ਹੈ । ਪ੍ਰਦੂਸ਼ਿਤ ਪਾਣੀ ਨਾਲ ਪੌਦੇ ਅਤੇ ਦਰੱਖਤ ਹੀ ਨਹੀਂ ਸਗੋਂ ਪਾਣੀ ਵਿੱਚ ਰਹਿਣ ਵਾਲੇ ਜੀਵ ਵੀ ਮਰ ਸਕਦੇ ਹਨ । ਹਵਾ ਦੇ ਪ੍ਰਦੂਸ਼ਣ ਨਾਲ ਇਮਾਰਤਾਂ ਅਤੇ ਬੁੱਤ ਬੁਰੀ ਤਰ੍ਹਾਂ ਨਸ਼ਟ ਹੋ ਰਹੇ ਹਨ ਜਿਵੇਂ ਕਿ ਲੰਡਨ ਦੀਆਂ ਇਤਿਹਾਸਕ ਇਮਾਰਤਾਂ ਅਤੇ ਭਾਰਤ ਵਿੱਚ ਤਾਜ ਮਹੱਲ ਵੀ ਇਸ ਦੀ ਮਾਰ ਤੋਂ ਨਹੀਂ ਬਚ ਸਕੇ । ਸਾਰੇ ਦੇਸ਼ਾਂ ਵਿੱਚ ਲੋਕਾਂ ਨੂੰ ਅਤੇ ਉੱਥੋਂ ਦੀਆਂ ਸਰਕਾਰਾਂ ਨੂੰ ਰਲ ਕੇ ਵਾਤਾਵਰਣ ਵਿੱਚੋਂ ਪ੍ਰਦੂਸ਼ਣ ਘੱਟ ਕਰਨ ਲਈ ਮਿਲ ਕੇ ਯਤਨ ਕਰਨੇ ਚਾਹੀਦੇ ਹਨ ।

**Part 1**

ਹੇਠਾਂ ਦਿੱਤੇ ਵਾਕਾਂ ਨੂੰ ਪੜ੍ਹੋ ਅਤੇ ਵਾਰਤਾ ਦੇ ਵਿਸ਼ੇ-ਵਸਤੂ ਨਾਲ ਤੁਲਨਾ ਕਰੋ । ਆਪਣਾ ਉੱਤਰ ‘ਠੀਕ’, ‘ਗਲਤ’ ਜਾਂ ਪਤਾ ਨਹੀਂ ‘?’ ਵਾਲੇ ਖਾਨਿਆਂ ਵਿੱਚ ਟਿੱਕ ਕਰ ਕੇ ਦਿਉ ।

| | ਗਲਤ | ਠੀਕ | ? |
|---|---|---|---|
| ਪ੍ਰਦੂਸ਼ਣ ਵਧਾਉਣ ਵਿੱਚ ਕੁਦਰਤ ਦਾ ਕੋਈ ਹੱਥ ਨਹੀਂ ਹੈ । | | | |
| ਚੀਜ਼ਾਂ ਦੇ ਉਤਪਾਦਨ ਵਿੱਚ ਵਾਧੇ ਦਾ ਪ੍ਰਦੂਸ਼ਣ ਨਾਲ ਸਿੱਧਾ ਸੰਬੰਧ ਹੈ । | | | |
| ਪ੍ਰਦੂਸ਼ਣ ਦਾ ਸਮੁੰਦਰੀ ਜੀਵਾਂ ਤੇ ਕੋਈ ਅਸਰ ਨਹੀਂ ਪੈਂਦਾ । | | | |
| ਕੁਦਰਤੀ ਪ੍ਰਦੂਸ਼ਣ ਨਾਲੋਂ ਮਨੁੱਖੀ ਪ੍ਰਦੂਸ਼ਣ ਵਧੇਰੇ ਖਤਰਨਾਕ ਹੈ । | | | |
| ਸਰਕਾਰ ਪ੍ਰਦੂਸ਼ਣ ਫੈਲਾਉਣ ਵਾਲਿਆਂ ਨੂੰ ਜੁਰਮਾਨਾ ਕਰੇਗੀ । | | | |

*(5 marks)*

Do not write outside the box

**Part 2**

| | **ਪਹਿਲਾ ਭਾਗ**<br>ਵਾਰਤਾ ਤੇ ਆਧਾਰਿਤ ਹੇਠ ਲਿਖੇ ਅਧੂਰੇ ਵਾਕ ਪੜ੍ਹੋ। | | |
|---|---|---|---|
| **ਉਦਾਹਰਣ:** | ਵਾਤਾਵਰਨ ਵਿੱਚ ਪ੍ਰਦੂਸ਼ਣ ਦੀ ਮਾਤਰਾ | 2 | |
| **(ੳ)** | ਸੰਸਾਰ ਦੀ ਆਬਾਦੀ ਵਧਣ ਨਾਲ ਚੀਜ਼ਾਂ ਦੀਆਂ ਲੋੜਾਂ ਵਿੱਚ ਵੀ ਵਾਧਾ ਹੋਇਆ ਹੈ | | *(1 mark)* |
| **(ਅ)** | ਦੁਨੀਆਂ ਵਿੱਚ ਵਧ ਰਹੇ ਪ੍ਰਦੂਸ਼ਣ ਦੀ ਗੰਭੀਰ ਸਮੱਸਿਆ ਨਾਲ | | *(1 mark)* |
| **(ੲ)** | ਪ੍ਰਦੂਸ਼ਿਤ ਪਾਣੀ ਨਾਲ | | *(1 mark)* |
| **(ਸ)** | ਹਵਾ ਵਿੱਚ ਗੈਸਾਂ ਮਿਲ ਕੇ ਪੈਦਾ ਹੋਣ ਵਾਲੇ ਪ੍ਰਦੂਸ਼ਣ ਨਾਲ | | *(1 mark)* |
| **(ਹ)** | ਵਾਤਾਵਰਨ ਵਿੱਚੋਂ ਪ੍ਰਦੂਸ਼ਣ ਦੀ ਮਾਤਰਾ ਘਟਾਉਣ ਲਈ | | *(1 mark)* |

| | **ਦੂਜਾ ਭਾਗ**<br>ਪਹਿਲੇ ਭਾਗ ਦੇ ਅਧੂਰੇ ਵਾਕ ਪੂਰੇ ਕਰਨ ਲਈ ਹੇਠ ਲਿਖੇ ਵਾਕ ਪੜ੍ਹ ਕੇ ਠੀਕ ਵਾਕ ਦਾ ਨੰਬਰ ਨਾਲ ਦਿੱਤੇ ਖਾਨੇ ਵਿੱਚ ਲਿਖੋ। |
|---|---|
| **1** | ਗੰਦੇ ਪਾਣੀ ਦੇ ਦਰਿਆਵਾਂ ਅਤੇ ਸਮੁੰਦਰ ਵਿੱਚ ਪੈਣ ਨਾਲ ਵੀ ਨੁਕਸਾਨ ਹੁੰਦਾ ਹੈ। |
| **2** | ਕੁਦਰਤ ਦੀ ਕਰੋਪੀ ਅਤੇ ਮਨੁੱਖੀ ਗਲਤੀਆਂ ਨਾਲ ਵਧਦੀ ਹੈ। |
| **3** | ਪ੍ਰਦੂਸ਼ਣ ਸਿਹਤ ਲਈ ਹਾਨੀਕਾਰਕ ਹੈ। |
| **4** | ਇਸ ਦੇ ਨਤੀਜੇ ਵਜੋਂ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। |
| **5** | ਪ੍ਰਦੂਸ਼ਣ ਘੱਟ ਹੁੰਦਾ ਹੈ। |
| **6** | ਖਤਰਨਾਕ ਬਿਮਾਰੀਆਂ ਲੱਗ ਸਕਦੀਆਂ ਹਨ। |
| **7** | ਪੌਦੇ ਤੇ ਪਾਣੀ ਵਿੱਚ ਰਹਿਣ ਵਾਲੇ ਜੀਵ ਜੰਤੂ ਮਰ ਸਕਦੇ ਹਨ। |
| **8** | ਦੁਨੀਆਂ ਵਿੱਚ ਆਬਾਦੀ ਤੇਜ਼ੀ ਨਾਲ ਵਧ ਰਹੀ ਹੈ। |
| **9** | ਇਮਾਰਤਾਂ ਅਤੇ ਬੁੱਤ ਖਰਾਬ ਹੋ ਰਹੇ ਹਨ। |
| **10** | ਸਾਰਿਆਂ ਨੂੰ ਇਕੱਠੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ। |

**20**

**Turn over ▶**

Do not write outside the box

## Section 2

**Question 2**

ਹੇਠ ਲਿਖੇ ਪੈਰੇ ਦਾ ਪੰਜਾਬੀ ਵਿੱਚ ਉਲਥਾ ਕਰੋ :

**My Mother**

I was fifteen when my mother developed a serious illness which affected her mobility. This was very difficult for the whole family to get used to. On a normal school day, I get up first and get ready by 7.30 a.m and then my brother and sisters wake up. My father and I help them dress and we prepare their breakfast. After school my father makes dinner and I help my brother with his homework. It is my responsibility to make sure that my mother takes her medicine on time and eats proper meals.

I love my mother a lot and I always share my problems with her. Sometimes, she does my hair for me but because her hands are swollen it can cause a lot of pain. She often makes me laugh, but the best thing about her is that she always thinks positively and helps me out and supports me in everything I do. She's the best mother in the world.

*(20 marks)*

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

........................................................................................................................................

20

## ਸੈਕਸ਼ਨ 3

ਇਸ ਭਾਗ ਵਿੱਚ ਦੋ ਟੌਪਿਕ ਸਾਹਿਤਕ ਅਤੇ ਦੋ ਅਣ-ਸਾਹਿਤਕ ਹਨ। ਹਰੇਕ ਟੌਪਿਕ ਬਾਰੇ ਦੋ ਦੋ ਬਦਲਵੇਂ ਪ੍ਰਸ਼ਨ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

## Literary Topics

### Topic 1

### ਬਰਤਾਨਵੀ ਪੰਜਾਬੀ ਨਿੱਕੀ ਕਹਾਣੀ
**(The British – Panjabi Short Story)**

**Question 3**

**EITHER**

**3 (a)** ਬਰਤਾਨਵੀ ਪੰਜਾਬੀ ਕਹਾਣੀਆਂ ਦੀ ਜੋ ਵੀ ਕਿਤਾਬ ਤੁਸੀਂ ਪੜ੍ਹੀ ਹੈ ਉਸ ਵਿੱਚੋਂ ਕਿਸੇ ਦੋ ਕਹਾਣੀਆਂ ਦੇ ਆਧਾਰ ਤੇ ਲੇਖਕ ਵੱਲੋਂ ਇਸ ਵਿੱਚ ਵਰਤੀ ਗਈ ਬੋਲੀ ਅਤੇ ਲਿਖਤ ਕਲਾ ਬਾਰੇ ਆਪਣੇ ਵਿਚਾਰ ਦੱਸਦੇ ਹੋਏ ਉਦਾਹਰਣਾਂ ਸਹਿਤ ਇੱਕ ਲੇਖ ਲਿਖੋ। *(30 marks)*

**OR**

**3 (b)** ਜੋ ਵੀ ਬਰਤਾਨਵੀ ਪੰਜਾਬੀ ਕਹਾਣੀ ਸੰਗ੍ਰਹਿ ਤੁਸੀਂ ਪੜ੍ਹਿਆ ਹੈ ਉਸ ਵਿੱਚ ਲੇਖਕ ਨੇ ਬਰਤਾਨੀਆ ਵਿੱਚ ਰਹਿੰਦੇ ਪੰਜਾਬੀ ਲੋਕਾਂ ਦੇ ਜੀਵਨ ਦੇ ਕਿਹੜੇ ਪੱਖਾਂ ਨੂੰ ਦੱਸਣ ਦਾ ਯਤਨ ਕੀਤਾ ਹੈ ? ਕਿਸੇ ਦੋ ਕਹਾਣੀਆਂ ਦੇ ਆਧਾਰ ਤੇ ਆਪਣਾ ਉੱਤਰ ਉਦਾਹਰਣਾਂ ਸਹਿਤ ਲਿਖੋ। *(30 marks)*

### Topic 2

### ਪੰਜਾਬੀ ਨਾਵਲ
**(The Panjabi Novel)**

**Question 4**

**EITHER**

**4 (a)** ਜਿਹੜਾ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚੋਂ ਕਿਸੇ ਅਜਿਹੇ ਪਾਤਰ ਬਾਰੇ ਲਿਖੋ ਜੋ ਤੁਹਾਨੂੰ ਬਹੁਤ ਪਸੰਦ ਆਇਆ ਹੋਵੇ ? ਉਸ ਦੀਆਂ ਕਿਹੜੀਆਂ ਗੱਲਾਂ ਨੇ ਤੁਹਾਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਆਪਣਾ ਉੱਤਰ ਵਿਸਥਾਰ ਨਾਲ ਲੇਖ ਦੇ ਰੂਪ ਵਿੱਚ ਲਿਖੋ। *(30 marks)*

**OR**

**4 (b)** ਜੋ ਵੀ ਪੰਜਾਬੀ ਨਾਵਲ ਤੁਸੀਂ ਪੜ੍ਹਿਆ ਹੈ ਉਸ ਵਿੱਚ ਪੇਸ਼ ਕੀਤੇ ਸਮਾਜ ਅਤੇ ਰੀਤੀ ਰਿਵਾਜਾਂ ਬਾਰੇ ਉਦਾਹਰਣਾਂ ਸਹਿਤ ਲੇਖ ਲਿਖੋ। *(30 marks)*

**Turn over ▶**

Do not write outside the box

## Non-Literary Topics

### Topic 1

### 1947 ਤੋਂ ਬਾਅਦ ਦੇ ਪੰਜਾਬ ਦਾ ਸਮਾਜਿਕ ਤੇ ਆਰਥਿਕ ਅਧਿਐਨ
### (Socio-Economic Study of the Panjab (India) Since 1947)

**Question 5**

**EITHER**

**5 (a)** ਪੰਜਾਬ ਦੀ ਆਰਥਿਕ ਤਰੱਕੀ ਵਿੱਚ ਪਰਵਾਸੀਆਂ ਨੇ ਬਹੁਤ ਯੋਗਦਾਨ ਪਾਇਆ ਹੈ ਪਰ ਹਾਲੇ ਵੀ ਉਨ੍ਹਾਂ ਨੂੰ ਕਈ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਤੁਹਾਡੇ ਖਿਆਲ ਅਨੁਸਾਰ ਪਰਵਾਸੀਆਂ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਦਾ ਕੀ ਹੱਲ ਹੋ ਸਕਦਾ ਹੈ ? ਇੱਕ ਲੇਖ ਦੇ ਰੂਪ ਵਿੱਚ ਲਿਖੋ।

*(30 marks)*

**OR**

**5 (b)** ਪੰਜਾਬ ਵਿੱਚ ਬੇਰੁਜ਼ਗਾਰੀ ਨੇ ਲੋਕਾਂ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ। ਇਸ ਬਾਰੇ ਉਦਾਹਰਣਾਂ ਸਹਿਤ ਲੇਖ ਲਿਖੋ। *(30 marks)*

### Topic 2

### ਭਾਰਤ ਅਤੇ ਪ੍ਰਦੇਸ ਵਿੱਚ ਪੰਜਾਬੀ ਭਾਈਚਾਰਾ
### (The Panjabi Community in India and Abroad)

**Question 6**

**EITHER**

**6 (a)** ਬਰਤਾਨੀਆਂ ਵਿੱਚ ਨੌਜਵਾਨ ਪੀੜ੍ਹੀ ਦੀ ਰੁਚੀ ਪੜ੍ਹਾਈ ਨਾਲੋਂ ਕੰਪਿਊਟਰ ਤੇ ਖੇਡਾਂ ਖੇਡਣ ਅਤੇ ਮੋਬਾਇਲ ਫੋਨ ਦੀ ਵਧੇਰੇ ਵਰਤੋਂ ਕਰਨ ਵਿੱਚ ਹੈ। ਇਸ ਦੇ ਉਨ੍ਹਾਂ ਨੂੰ ਕੀ ਨੁਕਸਾਨ ਹਨ ? ਇਸ ਸਮੱਸਿਆ ਨੂੰ ਹੱਲ ਕਰਨ ਲਈ ਤੁਸੀਂ ਕੀ ਸੁਝਾਅ ਦੇਵੋਗੇ ? *(30 marks)*

**OR**

**6 (b)** ਪੰਜਾਬ ਅਤੇ ਬਰਤਾਨੀਆਂ ਵਿੱਚ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਵਿਆਹ ਤੋਂ ਬਾਅਦ ਮਾਪਿਆਂ ਤੋਂ ਅਲੱਗ ਰਹਿਣਾ ਪਸੰਦ ਕਰਦੇ ਹਨ। ਇਸ ਦੇ ਕੀ ਕਾਰਨ ਹਨ ? ਆਪਣੇ ਵਿਚਾਰ ਇੱਕ ਲੇਖ ਦੇ ਰੂਪ ਵਿੱਚ ਲਿਖੋ।

*(30 marks)*

*Do not write outside the box*

**Turn over ▶**

Do not write outside the box

*Do not write outside the box*

**Turn over ▶**

Do not write outside the box

60

**END OF QUESTIONS**

Copyright © 2010 AQA and its licensors. All rights reserved.